ਡਾ. ਕਿਰਪਾਲ ਸਿੰਘ, ਚੰਡੀਗੜ੍ਹ



# ਪੰਜਾਬ ਦੀ ਅਜ਼ਾਦੀ ਦੀ ਪਹਿਲੀ ਜੰਗ



**ਪਿਛੇ** ਜਹੇ ਪਾਰਲੀਮੈਂਟ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਹੋਰ ਅਹੁਦੇਦਾਰਾਂ ਨੇ ਮਿਲ ਕੇ 1857 ਦੇ ਗਦਰ ਦੀ ਡੇਢ ਸੌ ਸਾਲਾ ਵਰ੍ਹੇਗੰਢ ਮਨਾਈ। ਇਸ ਸਮੇਂ ਪਾਰਲੀਮੈਂਟ ਦੇ ਡਿਪਟੀ ਸਪੀਕਰ ਸ੍ਰ. ਚਰਨਜੀਤ ਸਿੰਘ ਅਟਵਾਲ ਤੇ ਹੋਰ ਕੁਝ ਮੈਂਬਰਾਂ ਨੇ ਪਾਰਲੀਮੈਂਟ ਵਿਚ ਦੱਸਿਆ ਕਿ ਭਾਰਤ ਦੀ ਅਜ਼ਾਦੀ ਦੀ ਪਹਿਲੀ ਜੰਗ, ਪਹਿਲੀ ਪੰਜਾਬ ਦੀ ਜੰਗ ਸੀ ; ਪਰ ਉਹ ਇਸ ਦਾ ਵਿਸਥਾਰ ਨਹੀਂ ਕਰ ਸਕੇ ਕਿ ਇਹ ਕਿਵੇਂ ਅਜ਼ਾਦੀ ਦੀ ਪਹਿਲੀ ਜੰਗ ਹੈ।

ਪੰਜਾਬ ਦੀ ਜੰਗ ਨੂੰ ਅੰਗਰੇਜ਼ਾਂ ਨੇ ਗਲਤ ਨਾਮ ਦੇ ਕੇ ਪਹਿਲੀ ਅੰਗਰੇਜ਼ਾਂ-ਸਿੱਖਾਂ ਦੀ ਲੜਾਈ ਕਿਹਾ ਹੈ। ਇਸ ਜੰਗ ਨੂੰ ਇਸ ਲਈ ਭਾਰਤ ਦੀ ਅਜ਼ਾਦੀ ਦੀ ਪਹਿਲੀ ਜੰਗ ਕਹਿ ਸਕਦੇ ਹਾਂ ਕਿਉਂਕਿ ਇਸ ਜੰਗ ਵਿਚ ਪਹਿਲੀ ਵਾਰੀ ਹਿੰਦੁਸਤਾਨੀਆਂ ਨੇ ਅੰਗਰੇਜ਼ਾਂ ਦਾ ਡੱਟ ਕੇ ਮੁਕਾਬਲਾ ਕੀਤਾ ਸੀ ਤੇ ਏਸ਼ੀਆ ਵਿਚ ਇਹ ਪਹਿਲੀ ਜੰਗ ਸੀ ਜਿਸ ਵਿਚ ਅੰਗਰੇਜ਼ਾਂ ਨੂੰ ਹਾਰ ਹੁੰਦੀ। ਗੁਲਾਬ ਸਿੰਘ, ਤੇਜ ਸਿੰਘ, ਲਾਲ ਸਿੰਘ ਦੀ ਗੱਦਾਰੀ ਕਰਕੇ ਅੰਗਰੇਜ਼ ਬਚ ਗਏ ਸਨ। ਇਸ ਲੜਾਈ ਨੇ ਸਾਬਤ ਕਰ ਦਿੱਤਾ ਕਿ ਅੰਗਰੇਜ਼ੀ ਫੌਜ ਅਜਿੱਤ ਨਹੀਂ, ਹਿੰਦੁਸਤਾਨੀ ਫੌਜਾਂ ਵੀ ਇਹਨਾਂ ਨੂੰ ਹਰਾ ਸਕਦੀਆਂ ਹਨ। ਇਹ ਗੱਲ ਹਿੰਦੁਸਤਾਨੀ ਫੌਜਾਂ ਵਾਸਤੇ ਬੜੀ ਉਤਸ਼ਾਹ ਜਨਕ ਸੀ। ਇਸ ਜੰਗ ਤੋਂ ਉਤਸ਼ਾਹਤ ਹੋ ਕੇ ਹਿੰਦੁਸਤਾਨੀ ਸਿਪਾਹੀ 1857 ਦੇ ਗਦਰ ਵਿਚ ਅੰਗਰੇਜ਼ਾਂ ਦੇ ਵਿਰੁੱਧ ਉਠੇ। ਇਸ ਜੰਗ ਤੋਂ ਪਹਿਲਾਂ ਹਿੰਦੁਸਤਾਨੀਆਂ ਵਿਚ ਆਪਣੀ ਹੀਣਤਾ ਦੇ ਅਨੁਭਵ ਕਰਕੇ ਅੰਗਰੇਜ਼ਾਂ ਦੇ ਵਿਰੁੱਧ ਲੜਨ ਦੀ ਸਮਰਥਾ ਨਹੀਂ ਸੀ। ਇਹ ਅਸਲ ਵਿਚ ਭਾਰਤ ਦੇ ਇਕੋ ਅਜ਼ਾਦ ਇਲਾਕੇ, ਸਾਰੇ ਪੰਜਾਬ, ਦੀ ਅੰਗਰੇਜ਼ਾਂ ਦੇ ਵਿਰੁੱਧ ਲੜਾਈ ਸੀ, ਇਹ ਅਜ਼ਾਦੀ ਲਈ ਕੌਮੀ ਲੜਾਈ ਸੀ ; ਕੇਵਲ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਨਹੀਂ। ਇਸ ਵਿਚ ਪੰਜਾਬ ਦੇ ਸਿੱਖ, ਮੁਸਲਮਾਨ ਤੇ ਹਿੰਦੂ ਸਾਰੇ ਪੰਜਾਬੀ ਸ਼ਾਮਿਲ ਸਨ ਕਿਉਂਕਿ ਰਣਜੀਤ ਸਿੰਘ ਦੀ ਸੰਗਠਿਤ ਕੀਤੀ ਫੌਜ ਵਿਚ ਸਾਰੇ ਪੰਜਾਬੀ ਸਨ ਤੇ ਖਾਸ ਕਰਕੇ ਪੰਜਾਬੀ ਮੁਸਲਮਾਨਾਂ ਦੇ ਅਧੀਨ ਲਾਹੌਰ ਦਰਬਾਰ ਦਾ ਤੋਪਖਾਨਾ ਸੀ। ਪੰਜਾਬੀ ਮੁਸਲਮਾਨਾਂ ਦਾ ਇਸ ਵਿਚ ਵਧੇਰੇ ਸ਼ਾਮਲ ਹੋਣਾ ਸਮਕਾਲੀ ਲੇਖਕ ਸ਼ਾਹ ਮੁਹੰਮਦ ਨੇ ਸਪਸ਼ਟ ਲਿਖਿਆ ਹੈ, ਉਸ ਦਾ 60ਵਾਂ ਬੰਦ ਇਸ ਤਰਾਂ ਹੈ-

*ਮਜ਼ਹਰ ਅਲੀ ਤੇ ਮਾਘੇ ਖਾਂ ਕੂਚ ਕੀਤਾ,*
*ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆ ਨੀ।*
*ਬੇੜਾ ਚੂੜਿਆ ਸੁਲਤਾਨ ਮਹਿਮੂਦ ਵਾਲਾ,*
*ਤੋਪਾਂ ਨਾਲ ਇਮਾਮ ਸ਼ਾਹ ਵਾਲੀਆ ਨੀ।*
*ਇਲਾਹੀ ਬਖਸ਼ ਪਟੋਲੀ ਨੇ ਮਾਂਜ ਕੇ ਜੀ,*
*ਧੂਪ ਦੇਇ ਤੇ ਤਖ਼ਤ ਬਹਾਲੀਆਂ ਨੀ।*
*ਸ਼ਾਹ ਮੁਹੰਮਦਾ ਐਸੀਆਂ ਲਿਸ਼ਕ ਆਈਆਂ,*
*ਬਿਜਲੀ ਵਾਂਗ ਜੋ ਦੇਣ ਵਖਾਲੀਆ ਨੀ।*

ਇਕ ਥਾਂ ਹੋਰ ਸ਼ਾਹ ਮੁਹੰਮਦ ਲਿਖਦਾ ਹੈ-

*ਚਲੀ ਸਭ ਪੰਜਾਬ ਦੀ ਪਾਤਸ਼ਾਹੀ*
*ਨਹੀ ਦਲਾਂ ਦਾ ਅੰਤ ਸੁਮਾਰ ਮੀਆਂ। (ਬੰਦ63)*

ਕੇਵਲ ਗੁਲਾਬ ਸਿੰਘ ਇਸ ਪੰਜਾਬ ਦੀ ਜੰਗ ਵਿਚ ਸ਼ਾਮਲ ਨਹੀਂ ਹੋਇਆ ਉਸ ਦੇ ਵੱਖਰੇ ਵਿਸ਼ੇਸ਼ ਕਾਰਨ ਸਨ। ਹਰ ਵਰਗ ਦੇ ਲੋਕ ਇਸ ਜੰਗ ਵਿਚ ਸ਼ਾਮਲ ਹੋਏ। ਜਦੋਂ ਵਿਸਕਾਉਂਟ ਹਾਰਡਿੰਗ ਗਵਰਨਰ ਜਨਰਲ ਬਣ ਕੇ 1844 ਵਿਚ ਕਲਕੱਤੇ ਆਇਆ ਤਾਂ ਗੁਲਾਬ ਸਿੰਘ ਕਲਕੱਤੇ ਜਾ ਕੇ ਉਸ ਨੂੰ ਮਿਲਿਆ ਤੇ ਪੰਜਾਬ ਤੇ ਹਮਲਾ ਕਰਨ ਲਈ ਪ੍ਰੇਰਿਆ ਕਿਉਂਕਿ ਉਹ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ।

**ਅੰਗਰੇਜ਼ਾਂ ਦੀ ਆਕਰਮਣਸ਼ੀਲ ਨੀਤੀ**

ਕਾਰਮਈਕਲ ਸਮਿਥ ਲਿਖਦਾ ਹੈ, "ਸਾਨੂੰ ਦੱਸਿਆ ਜਾਂਦਾ ਹੈ ਕਿ ਸਿੱਖਾਂ ਦੀ ਫੌਜ ਨੇ ਦਰਿਆ ਪਾਰ ਕਰਕੇ ਸੰਧੀ-ਪਤ੍ਰ ਨੂੰ ਭੰਗ ਕੀਤਾ ਹੈ। ਪਰੰਤੂ ਸਵਾਲ ਇਹ ਹੈ ਕਿ....... ਅਸੀਂ ਆਪ ਮਿੱਤਰਤਾ ਦੇ ਨਿਯਮਾਂ ਨੂੰ ਪਹਿਲਾਂ ਤੋੜਿਆ ਸੀ। ਜੰਗ ਲੱਗਣ ਤੋਂ ਪਹਿਲਾਂ ਅਸਾਂ ਫਿਰੋਜ਼ਪੁਰ ਤੇ ਪੰਜਾਬ ਦੇ ਵਿਚਕਾਰ ਉਸ ਇਲਾਕੇ ਤੇ ਕਬਜ਼ਾ ਕਰ ਲਿਆ ਸੀ ਜੋ ਸਿੱਖਾਂ ਦੇ ਤਹਿਤ ਸੀ। ਇਹ ਦਾਅਵਾ ਕਰਨਾ ਬੇਥਵਾ ਹੈ ਕਿ ਬੰਬਈ ਤੋਂ ਬੇੜੀਆਂ ਦਾ ਪੁਲ ਚੜਾਈ ਕਰਨ ਲਈ ਨਹੀਂ ਸਗੋਂ ਬਚਾਉ ਖਾਤਰ ਲਿਆਂਦਾ ਗਿਆ ਸੀ। ਇਹ ਗੱਲ ਵੀ ਵਰਨਨਯੋਗ ਹੈ ਕਿ ਉਹਨਾਂ (ਲਾਹੌਰ ਦਰਬਾਰ ਦੀਆਂ ਫੌਜਾਂ) ਨੇ ਸਾਡੇ ਇਲਾਕੇ ਵਿਚ ਨਹੀਂ ਸਗੋਂ ਆਪਣੇ ਇਲਾਕੇ ਵਿਚ ਡੇਰਾ ਕੀਤਾ।"

ਇਸ ਜੰਗ ਦੀਆਂ ਚਾਰ ਵਿਸ਼ੇਸ਼ ਲੜਾਈਆਂ ਮੰਨੀਆਂ ਜਾਂਦੀਆਂ ਹਨ- ਮੁੱਦਕੀ, ਫੇਰੂਸ਼ਾਹ, ਅਲੀਵਾਲ ਤੇ ਸਭਰਾਉਂ। ਆਖਰੀ ਲੜਾਈ ਸਭਰਾਉਂ ਦਾ ਹਾਲ ਅੰਗਰੇਜ਼ ਲਿਖਾਰੀਆਂ ਨੇ ਤੇ ਹੋਰ ਲਿਖਾਰੀਆਂ ਨੇ ਬਹੁਤ ਵਿਸਥਾਰ ਨਾਲ ਲਿਖਿਆ ਹੈ। ਆਰ. ਬੋਸਵਰਥ ਸਮਿੱਥ ਲਿਖਦਾ ਹੈ-

"ਨਮਕ-ਹਰਾਮ ਸਰਦਾਰਾਂ ਦੀ ਧਾੜ ਵਿਚੋਂ ਇਕ ਵਫਾਦਾਰ ਬੁੱਢੇ ਸਰਦਾਰ ਸ਼ਾਮ ਸਿੰਘ ਦਾ ਨਾਂ ਵਰਨਨਯੋਗ ਹੈ। ਚਿੱਟਾ ਬਾਣਾ ਪਹਿਨ ਕੇ ਤੇ ਪ੍ਰਾਚੀਨ ਕਾਲ ਤੇ ਡੇਸੀਅਸ (Decius) ਵਾਂਗ ਸਿਰ ਤਲੀ ਤੇ ਧਰ ਕੇ ਉਸ ਨੇ ਆਪਣੇ ਸਾਥੀਆਂ ਨੂੰ ਵੰਗਾਰਿਆ ਕਿ ਉਹ ***ਵਾਹਿਗੁਰੂ*** ਤੇ ਗੁਰੂ ਦੀ ਖਾਤਿਰ ਹੱਲਾ ਬੋਲ ਦੇਣ। ਕਈਆਂ ਨੂੰ ਮੌਤ ਦੇ ਘਾਟ ਉਤਾਰ ਕੇ ਉਹ ਬਹਾਦਰੀ ਨਾਲ ਆਪਣੀ ਜਾਨ ਤੇ ਖੇਡ ਗਿਆ"।

ਮੁਹੰਮਦ ਲਤੀਫ ਲਿਖਦਾ ਹੈ, "ਬੁੱਢੇ ਸਰਦਾਰ ਸ਼ਾਮ ਸਿੰਘ ਨੇ ਆਪਣੀ ਲੰਮੀ ਦੁੱਧ ਚਿੱਟੀ (ਬਰਫ਼ੀਲੀ) ਦ੍ਹਾੜੀ ਵਰਗੀ ਸਫੈਦ ਪੁਸ਼ਾਕ ਪਾਈ, ਆਪਣੀ ਚੀਨੀ ਘੋੜੀ ਨੂੰ ਸਰਪਟ ਦੁੜਾਂਦਿਆਂ ਤੇ ਆਪਣੇ ਜੋਸ਼ੀਲੇ ਸਾਥੀਆਂ ਨੂੰ ਹੱਲਾ ਸ਼ੇਰੀ ਦੇਂਦਿਆਂ ਉਹ ਅੱਗੇ ਵਧਿਆ ਤੇ ਅੰਤ ਤਕ ਮੌਤ ਨੂੰ ਟਿੱਚ ਜਾਣਦਾ ਹੋਇਆ (ਦੇਸ਼ ਦੀ ਸੁਤੰਤਰਤਾ ਦੀ ਖਾਤਰ) ਸ਼ਹੀਦੀ ਪ੍ਰਾਪਤ ਕਰ ਗਿਆ"। ਉਸ ਦੀ ਸ਼ਾਨਦਾਰ ਮਿਸਾਲ 1846 ਤੋਂ ਲੈ ਕੇ 1947 ਤਕ ਅੰਗਰੇਜ਼ਾਂ ਦੇ ਵਿਰੁੱਧ ਲੜਨ ਵਾਲੇ ਹਜ਼ਾਰਾਂ ਸੁਤੰਤਰਤਾ-ਸੰਗਰਾਮੀਆਂ ਲਈ ਚਾਨਣ-ਮੁਨਾਰਾ ਤੇ ਪ੍ਰੇਰਨਾ ਦਾ ਸੋਮਾ ਬਣ ਗਈ।

ਸ਼ਾਮ ਸਿੰਘ ਦੇ ਐਲਾਨ ਦਾ ਲੋੜੀਂਦਾ ਅਸਰ ਪਿਆ। ਅਲੀਵਾਲ ਦੀ ਹਾਰ ਦੇ ਕਾਰਨ ਸਿੱਖ ਦਿਲ ਛਡ ਬੈਠੇ ਸਨ। ਸਰਦਾਰ ਸ਼ਾਮ ਸਿੰਘ ਦੀ ਸ਼ਾਨਦਾਰ ਮਿਸਾਲ ਨੇ ਉਹਨਾਂ ਨੂੰ ਨਵਾਂ ਜੋਸ਼, ਉਤਸ਼ਾਹ ਤੇ ਪ੍ਰੇਰਨਾ ਦਿੱਤੀ। ਕਨਿੰਘਮ ਨੇ ਇਸ ਹਾਲਤ ਨੂੰ ਹੂ-ਬ-ਹੂ ਬਿਆਨ ਕਰਦਿਆਂ ਹੋਇਆਂ ਇਉਂ ਲਿਖਿਆ ਹੈ-

"ਜਿਹਨਾਂ ਖਤਰਿਆਂ ਵਿਚ ਸਿੱਖ ਕੌਮ ਘਿਰੀ ਹੋਈ ਸੀ, ਉਹ ਉਹਨਾਂ ਦੇ ਦਿਲ-ਦਿਮਾਗ ਤੇ ਛਾਏ ਹੋਏ ਸਨ ਤੇ ਉਹਨਾਂ ਨੂੰ ਵਿਦੇਸ਼ੀ ਗੁਲਾਮੀ ਤੋਂ ਛੁਟਕਾਰਾ ਪਾਉਣ ਦਾ ਕੋਈ ਰਾਹ ਨਹੀਂ ਸੁੱਝ ਰਿਹਾ ਸੀ। ਬਿਰਧ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਆਪਣੀ ਕੌਮ ਦੇ ਦੁਸ਼ਮਣਾਂ ਨਾਲ ਟੱਕਰ ਵਿਚ ਸ਼ਹੀਦ ਹੋਣ ਤੇ ਇਸ ਤਰਾਂ (ਗੁਰੂ) ਗੋਬਿੰਦ (ਸਿੰਘ) ਦੀ ਸਪਿਰਟ ਤੇ ਉਸ ਦੇ ਰਹੱਸਵਾਦੀ ਪੰਚਾਇਤੀ ਰਾਜ ਨੂੰ ਨਿਭਾਉਣ ਲਈ ਆਪਣੀ ਕੁਰਬਾਨੀ ਦੇਣ ਦਾ ਫੈਸਲਾ ਕਰ ਲਿਆ।"

ਅੰਗਰੇਜ਼ਾਂ ਦੇ ਪਹਿਲੇ ਹਮਲੇ ਸਮੇਂ ਸਰਦਾਰ ਸ਼ਾਮ ਸਿੰਘ ਲਗਭਗ ਹਰੇਕ ਥਾਂ ਮੌਜੂਦ ਦਿਸਦਾ ਸੀ। ਉਹ ਇਕ ਦਸਤੇ ਤੋਂ ਦੂਜੇ ਵਲ ਜਾਂਦਾ ਹੋਇਆ ਜਵਾਨਾਂ ਨੂੰ ਡਟ ਕੇ ਲੜਨ ਲਈ ਹੱਲਾ-ਸ਼ੇਰੀ ਦੇਣ ਤੇ ਉਹਨਾਂ ਦਾ ਹੌਸਲਾ ਕਾਇਮ ਰੱਖਣ ਵਿਚ ਪੂਰੀ ਤਰਾਂ ਸਫਲ ਹੋ ਰਿਹਾ ਸੀ। ਉਸ ਦੇ ਇਸ ਕਰਤੱਵ ਨੇ ਸਿੱਖ ਫੌਜ ਨੂੰ ਵਧੇਰੇ ਜੋਸ਼ ਨਾਲ ਲੜਨ ਲਈ ਉਭਾਰਿਆ ਤੇ ਅੰਤ ਵਿਚ ਅੰਗਰੇਜ਼ਾਂ ਨੂੰ ਪਛਾੜ ਦਿੱਤਾ ਗਿਆ। ਵਿਲੀਅਮ ਐਡਵਰਡ ਨੇ, ਜੋ ਇਸ ਹਮਲੇ ਸਮੇਂ ਉੱਥੇ ਮੌਜੂਦ ਸੀ, ਇਸ ਸਮੇਂ ਦਾ ਹੂ-ਬ-ਹੂ ਦ੍ਰਿਸ਼ ਲਿਖਿਆ ਹੈ।

ਗਿਲਬਰਟ ਦੇ ਡਵੀਯਨ ਨੇ ਸਿੱਖਾਂ ਦੇ ਕੇਂਦਰੀ ਮੋਰਚੇ ਉਤੇ ਤੀਜਾ ਹਮਲਾ ਕੀਤਾ। ਇਕ ਦੂਜੇ ਦੇ ਮੋਢਿਆਂ ਉਤੇ ਚੜ੍ਹਦੇ ਹੋਏ ਉਹ ਸਿੱਖਾਂ ਦੇ ਮੋਰਚਿਆਂ ਉੱਤੇ ਪਹੁੰਚ ਗਏ ਤੇ ਜਿਸ ਵੇਲੇ ਉਹਨਾਂ ਦੀ ਗਿਣਤੀ ਬਹੁਤ ਵਧ ਗਈ, ਉਹਨਾਂ ਨੇ ਝਪਟ ਕੇ ਸਿੱਖਾਂ ਦੀਆਂ ਤੋਪਾਂ ਤੇ ਕਬਜ਼ਾ ਕਰ ਲਿਆ। ਛੇਤੀ ਹੀ ਇਹ ਖ਼ਬਰ ਸਾਰੀ ਸਿੱਖ ਫੌਜ ਵਿਚ ਖਿੱਲਰ ਗਈ ਕਿ ਦੁਸ਼ਮਣ ਦੀਆਂ ਫੌਜਾਂ ਸਿੱਖਾਂ ਦੇ ਮੋਰਚਿਆਂ ਵਿਚ ਧਸ ਆਈਆਂ ਹਨ। ਜਦ ਸਰਦਾਰ ਸ਼ਾਮ ਸਿੰਘ ਨੇ ਆਪਣੀ ਫੌਜ ਦੀ ਹਾਰ ਹੁੰਦੀ ਦੇਖੀ, ਤਾਂ ਉਸ ਨੇ ਅੰਤਮ ਮਾਰੂ ਕਦਮ ਚੁੱਕਣ ਦਾ ਫੈਸਲਾ ਕਰ ਕੇ ਆਪਣੀ ਘੋੜੀ ਨੂੰ ਅਡੀ ਲਾਈ ਤੇ ਉਹ ਤਲਵਾਰ ਘੁਮਾਂਦਾ ਤੇ ਮਾਰੋ-ਮਾਰ ਕਰਦਾ ਹੋਇਆ ਪੰਜਾਹਵੀਂ ਪਿਆਦਾ ਫੌਜ ਵਿਚ ਜਾ ਘੁੱਸਿਆ। ਨਾਲ ਦੀ ਨਾਲ ਉਸ ਨੇ ਜਵਾਨਾਂ ਨੂੰ ਵੰਗਾਰਿਆ ਕਿ ਕੋਈ ਮੈਦਾਨ ਛੱਡ ਕੇ ਨਾ ਭੱਜੇ। ਜਦ ਉਸ ਦੀ ਛਾਤੀ ਸੱਤ ਗੋਲੀਆਂ ਨਾਲ ਵਿੰਨ੍ਹੀ ਗਈ ਤਾਂ ਉਹ ਸ਼ਹੀਦ ਹੋ ਕੇ ਘੋੜੀ ਤੋਂ ਡਿੱਗ ਪਿਆ।

ਸਰਦਾਰ ਸ਼ਾਮ ਸਿੰਘ ਦੀ ਦਲੇਰੀ ਅਤੇ ਦ੍ਰਿੜ੍ਹਤਾ ਨੇ ਸਭਰਾਉਂ ਨੂੰ ਭਾਰਤ ਦਾ ਵਾਟਰਲੂ ਬਣਾ ਦਿੱਤਾ। ਜੀ.ਬੀ. ਮੈਲੀਸਨ ਨੇ ਲਿਖਿਆ ਹੈ, "ਜੇਕਰ ਸਿੱਖ ਇਥੇ ਜਿੱਤ ਜਾਂਦੇ ਤਾਂ ਭਾਰਤ ਅੰਗਰੇਜ਼ਾਂ ਦੇ ਹੱਥੋਂ ਨਿਕਲ ਜਾਣਾ ਸੀ"। ਇਸ ਤਰਾਂ ਸ਼ਾਮ ਸਿੰਘ ਅਜ਼ਾਦੀ ਸੰਗਰਾਮ ਦਾ ਪਹਿਲਾ ਸ਼ਹੀਦ ਹੈ, ਇਸ ਦਾ ਬੁੱਤ ਵੀ ਪਾਰਲੀਮੈਂਟ ਵਿਚ ਲਗਣਾ ਚਾਹੀਦਾ ਹੈ।

**ਨਾਨਕਸ਼ਾਹੀ ਜੰਤਰੀ ਮੁਤਾਬਿਕ**
**ਜੂਨ ਦੇ ਦਿਨ ਦਿਹਾਰ**

| | |
|---|---|
| 3 ਜੂਨ | - ਮੱਸਿਆ |
| 4 ਜੂਨ | - ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ |
| 6 ਜੂਨ | - ਸ਼ਹੀਦੀ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ |
| 11 ਜੂਨ | - ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ |
| 15 ਜੂਨ | - ਸੰਗਰਾਂਦ ਨਾਨਕਸ਼ਾਹੀ |
| 16 ਜੂਨ | - ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ |
| 18 ਜੂਨ | - ਪੂਰਨਮਾਸ਼ੀ / ਜਨਮ ਭਗਤ ਕਬੀਰ ਜੀ |
| 25 ਜੂਨ | - ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ |
| 29 ਜੂਨ | - ਬਰਸੀ ਮਹਾਰਾਜਾ ਰਣਜੀਤ ਸਿੰਘ |